# ਯੂਨੀਅਨ ਜੱਥੇਬੰਦ ਕਰਨ ਦੀ ਮੁਹਿੰਮ ਦੌਰਾਨ ਮੁਲਾਜ਼ਮ ਦੇ ਹੱਕ

**ਰਾਸ਼ਟਰੀ ਕਿਰਤ ਸਬੰਧਾਂ ਬਾਰੇ ਕਾਨੂੰਨ (NLA) ਹੇਠ, *ਉਹਨਾਂ ਦੇ ਨੌਕਰੀਦਾਤਿਆਂ ਨੂੰ ਨਹੀਂ* ਬਲਕਿ ਮੁਲਾਜ਼ਮਾਂ ਨੂੰ ਇਹ ਫ਼ੈਸਲਾ ਕਰਨ ਦਾ ਹੱਕ ਹੈ ਕਿ ਉਹਨਾਂ ਨੂੰ ਆਪਣੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਚਾਹੀਦੀ ਹੈ ਜਾਂ ਨਹੀਂ। ਯੂਨੀਅਨ ਨੂੰ ਜੱਥੇਬੰਦ ਕਰਨ ਦੇ ਜਵਾਬ ਵਿੱਚ, ਨੌਕਰੀਦਾਤਾ ਇਹ ਨਹੀਂ ਕਰ ਸਕਦਾ:**

- ✗ ਯੂਨੀਅਨ ਦੇ ਹੱਕ ਵਿੱਚ ਰਾਇ ਪ੍ਰਗਟਾਉਣ ਵਾਲੇ ਮੁਲਾਜ਼ਮਾਂ ਨੂੰ ਬਰਖਾਸਤ ਕਰਨਾ, ਅਹੁਦਾ ਘਟਾਉਣਾ ਜਾਂ ਤਬਾਦਲਾ ਕਰਨਾ ਜਾਂ ਯੂਨੀਅਨ ਦੇ ਖ਼ਿਲਾਫ਼ ਰਾਇ ਪ੍ਰਗਟਾਉਣ ਵਾਲੇ ਮੁਲਾਜ਼ਮਾਂ ਨੂੰ ਇਨਾਮ ਨਾਲ ਨਿਵਾਜ਼ਨਾ।
- ✗ ਨੌਕਰੀ ਬਹਾਲ ਰੱਖਣ ਲਈ ਕਾਗਜ਼ੀ-ਕਾਰਵਾਈ ਦੀਆਂ ਨਵੀਆਂ ਸ਼ਰਤਾਂ ਲਾਗੂ ਕਰਨੀਆਂ।
- ✗ ICE ਸਮੇਤ ਲਾੱਅ ਐਨਫ਼ੋਰਸਮੈਂਟ ਨਾਲ ਸੰਪਰਕ ਕਰਨਾ।
- ✗ ਤਨਖ਼ਾਹ, ਕੰਮ ਦਾ ਸਮਾਂ ਜਾਂ ਲਾਭ ਘਟਾਉਣੇ।
- ✗ ਕੰਮ ਵੱਧ ਔਖਾ ਜਾਂ ਘੱਟ ਲੋੜੀਂਦਾ ਬਣਾਉਣਾ—ਜਿਵੇਂ ਕੰਮ ਦਾ ਸ਼ੈਡਿਊਲ ਬਦਲਣਾ, ਓਵਰਟਾਈਮ ਲਾਉਣ ਤੋਂ ਮਨ੍ਹਾ ਕਰਨਾ ਜਾਂ ਮੁਲਾਜ਼ਮਾਂ ਨੂੰ ਵੱਖ ਕਰਨਾ।
- ✗ ਮੁਲਾਜ਼ਮਾਂ ਨੂੰ ਦੱਸਣਾ ਕਿ ਯੂਨੀਅਨ ਦੀ ਚੋਣ ਕਰਨੀ ਫ਼ਾਲਤੂ ਕੰਮ ਹੈ।

**ਨੌਕਰੀਦਾਤਾ ਉਹ ਕੰਮ ਕਰਨ ਜਾਂ ਕਹਿਣ ਲਈ ਤੀਜੀਆਂ ਧਿਰਾਂ ਨੂੰ ਵੀ ਕੰਮ 'ਤੇ ਰੱਖਦਾ ਹੈ, ਜਿਹਨਾਂ ਨੂੰ ਇੰਜ ਕਰਨ ਜਾਂ ਕਹਿਣ ਤੋਂ ਮਨ੍ਹਾ ਕੀਤਾ ਗਿਆ ਹੁੰਦਾ ਹੈ। ਨੌਕਰੀਦਾਤਿਆਂ ਵਲੋਂ ਕੰਮ 'ਤੇ ਰੱਖੀ ਗਈ ਤੀਜੀ ਧਿਰ ਵੀ ਆਪਣੇ ਆਪ ਨੂੰ ਸਰਕਾਰੀ ਏਜੰਟ ਜਾਂ NLRB ਦੇ ਏਜੰਟਾਂ ਵਜੋਂ ਗ਼ਲਤ ਢੰਗ ਨਾਲ ਪੇਸ਼ ਨਹੀਂ ਕਰਦੇ।**

**ਜੇ ਕੋਈ ਨੌਕਰੀਦਾਤਾ ਯੂਨੀਅਨ ਬਣਾਉਣ, ਇਸ ਵਿੱਚ ਸ਼ਾਮਿਲ ਹੋਣ ਜਾਂ ਯੂਨੀਅਨ ਦੀ ਮਦਦ ਕਰਨ ਦੇ ਤੁਹਾਡੇ ਹੱਕ ਵਿੱਚ ਦਖ਼ਲ ਦੇ ਰਿਹਾ ਹੈ, ਤਾਂ ਤੁਸੀਂ NLRB ਕੋਲ ਅਣਉਚਿਤ ਕਿਰਤ ਵਿਹਾਰ ਬਾਰੇ ਦੋਸ਼ ਦਾਇਰ ਕਰ ਸਕਦੇ ਹੋ। ਸਾਡੇ ਕੋਲ ਦੁਭਾਸ਼ੀਏ ਉਪਲਬਧ ਹਨ।**

ਆਪਣੇ ਸਥਾਨਕ NLRB ਦਫ਼ਤਰ ਬਾਰੇ ਇੱਥੋਂ ਪਤਾ ਲਾਓ: **bit.ly/NLRBOffices**
ਸਾਨੂੰ ਕਾੱਲ ਕਰੋ: **1-844-762-6572**
ਸਾਨੂੰ ਇੱਥੇ ਈਮੇਲ ਕਰੋ: **publicinfo@nlrb.gov**
ਦੋਸ਼ ਇੱਥੇ ਦਾਇਰ ਕਰੋ: **bit.ly/FileACharge**
**More information at nlrb.gov**